**ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ**
**ਕੰਪ: ਪੰ.ਸ.ਸ.ਬ, ਈ-ਬਲਾਕ, 6ਵੀਂ ਮੰਜਿਲ, ਫੇਜ਼:8, ਸਅਸ ਨਗਰ**

## ਜਨਤਕ ਸੂਚਨਾ

ਮੀਮੋ ਨੰ:ਟ੍ਰਾਂਸਫਰਸੈਲ/2022/੩੧੭ ਮਿਤੀ: 26.05.2022

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ;11/35/2018-1edu6/1508658, ਮਿਤੀ 25.06.2019 ਰਾਹੀ ਅਧਿਆਪਕਾਂ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ-ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ, (ਐਸਿ), ਪੰਜਾਬ ਦੇ ਮੀਮੋ ਨੰ;SSA/HR/Transfer/2020/118750 ਮਿਤੀ 22/05/2020 ਰਾਹੀਂ ਸਮੂਹ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼ ਲਈ ਬਦਲੀ ਦੀ ਪਾਲਿਸੀ ਜਾਰੀ ਕੀਤੀ ਗਈ ਸੀ। ਜੋ ਸੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਸਨ, ਉਹ ਸਮੂਹ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼ ਲਈ ਵੀ ਲਾਗੂ ਹੋਣਗੀਆਂ।

3.0 ਸਾਲ 2022-23 ਦੌਰਾਨ ਜੋ ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ ਅਤੇ ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ ਐਸ.ਟੀ.ਆਰ. ਵਲੰਟੀਅਰਜ਼ ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਅਤੇ ਬਦਲੀ ਕਰਵਾਉਣਾ ਚਾਹੁੰਦੇ ਹਨ, ਉਹ ਆਪਣੇ ਵੇਰਵੇ ਜਿਵੇਂ ਕਿ General Details, Results, Service Record ਮਿਤੀ 26.05.2022 ਤੋਂ 31.05.2022 ਤੱਕ epunjabschoolportal ਤੇ ਆਪਣੇ employee login id ਤੇ login ਕਰਕੇ ਭਰ ਸਕਦੇ ਹਨ। ਵੇਰਵੇ ਕੇਵਲ Online ਹੀ ਭਰੇ ਜਾ ਸਕਦੇ ਹਨ।

4.0 ਦਰਖਾਸਤ ਕਰਤਾਵਾਂ ਵੱਲੋਂ ਆਪਣੀ ਪ੍ਰਤੀਬੇਨਤੀਆਂ ਸਬੰਧੀ ਵੱਖ-ਵੱਖ Modules ਭਰੇ ਜਾਣੇ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹਨ:-

(i) Update General Details
(ii) Update Results
(iii) Update Service Record

5.0 ਪ੍ਰਾਇਮਰੀ ਵਿੰਗ ਨਾਲ ਸਬੰਧਤ ਅਧਿਆਪਕ/ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼ ਜਿੰਨਾਂ ਨੇ ਵੱਖ-ਵੱਖ ਜੋਨਾਂ ਵਿੱਚ ਸੇਵਾ ਕੀਤੀ ਹੈ, ਉਹ ਡਾਟਾ Approve ਕਰਨ ਤੋਂ ਪਹਿਲਾਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣ ਕਿ ਉਨ੍ਹਾਂ ਵੱਲੋਂ ਵੱਖ-ਵੱਖ ਜੋਨਾਂ ਵਿੱਚ ਕੀਤੀ ਸੇਵਾ ਅਤੇ ਸਿੱਖਿਆ ਵਿਭਾਗ ਵਿੱਚ ਕੀਤੀ ਗਈ ਕੁੱਲ ਸੇਵਾ ਦੇ ਸਮੇਂ ਵਿੱਚ ਅੰਤਰ ਨਹੀਂ ਹੋਣਾ ਚਾਹੀਦਾ। ਜੇਕਰ ਕਿਸੇ ਕਾਰਨ ਅੰਤਰ ਹੈ ਤਾਂ ਉਹ ਇਸ ਸਬੰਧੀ Remarks ਦੇਣਗੇ। Remarks ਵਿੱਚ ਠੋਸ ਕਾਰਨ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਨੂੰ ਬਦਲੀ ਲਈ ਨਹੀਂ ਵਿਚਾਰਿਆ ਜਾਵੇਗਾ।

6.0 ਬਦਲੀ ਸਬੰਧੀ ਦਰਖਾਸਤਾਂ ਵਿੱਚ ਭਰੇ ਗਏ ਡਾਟਾ ਨੂੰ Approve Data ਦਾ ਬਟਨ ਕਲਿੱਕ ਕਰਨ ਤੋਂ ਬਾਅਦ ਵੀ ਅੰਤਿਮ ਮਿਤੀ **31.05.2022** ਤੱਕ Data Editing ਜਿੰਨੀ ਵਾਰ ਮਰਜੀ ਕੀਤੀ ਜਾ ਸਕੇਗੀ। ਪ੍ਰੰਤੂ ਅੰਤਿਮ ਮਿਤੀ ਉਪਰੰਤ ਡਾਟਾ ਵਿੱਚ ਕੋਈ ਤਬਦੀਲੀ ਨਹੀਂ ਹੋ ਸਕੇਗੀ।

7.0 ਅਧੂਰੇ ਜਾਂ ਗਲਤ ਵੇਰਵੇ ਪਾਏ ਜਾਣ ਤੇ ਸਬੰਧਤ ਦੀ ਬਦਲੀ ਦੀ ਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

8.0 Special Category ਅਧੀਨ ਅਪਲਾਈ ਕਰਨ ਵਾਲੇ **ਪ੍ਰਾਇਮਰੀ ਵਿੰਗ ਨਾਲ ਸਬੰਧਤ** ਅਧਿਆਪਕ/**ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼** ਵੱਲੋਂ ਆਪਣੀ Category ਸਬੰਧੀ ਦਸਤਾਵੇਜ ਨਾਲ ਨੱਥੀ ਕਰਨਗੇ। ਦਸਤਾਵੇਜ ਨੱਥੀ ਨਾ ਕਰਨ ਦੀ ਸੂਰਤ ਵਿੱਚ ਉਨ੍ਹਾਂ ਦੀ ਬੇਨਤੀ ਨੂੰ Special Category ਅਧੀਨ ਨਹੀਂ ਵਿਚਾਰਿਆ ਜਾਵੇਗਾ।

9.0 Exempted Category ਅਧੀਨ ਬਦਲੀ ਕਰਵਾਉਣ ਲਈ ਵੀ ਕੇਵਲ ਆਨਲਾਇਨ ਪ੍ਰਤੀਬੇਨਤੀ ਹੀ ਵਿਚਾਰੀ ਜਾਵੇਗੀ। ਜਿਹੜੇ **ਪ੍ਰਾਇਮਰੀ ਵਿੰਗ ਨਾਲ ਸਬੰਧਤ** ਅਧਿਆਪਕਾਂ ਵੱਲੋਂ ਆਫਲਾਈਨ ਮੋਡ ਰਾਹੀਂ Exempted Category ਅਧੀਨ ਬਦਲੀ ਲਈ ਦਰਖਾਸਤਾਂ ਦਿੱਤੀਆਂ ਗਈਆਂ ਸਨ, ਉਨ੍ਹਾਂ ਨੂੰ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਹ Exempted Category ਅਧੀਨ ਕੇਵਲ ਪੋਰਟਲ ਰਾਹੀਂ ਹੀ ਆਨਲਾਇਨ ਬਦਲੀ ਲਈ ਅਪਲਾਈ ਕਰਨਗੇ। Exempted Category ਲਈ ਆਫਲਾਈਨ ਮੋਡ ਰਾਹੀਂ ਪ੍ਰਾਪਤ ਕਿਸੇ ਵੀ ਪ੍ਰਤੀਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

10.0 Mutual Transfer ਲਈ ਵੀ **ਪ੍ਰਾਇਮਰੀ ਵਿੰਗ ਨਾਲ ਸਬੰਧਤ** ਅਧਿਆਪਕਾਂ ਵੱਲੋਂ ਆਨਲਾਇਨ ਵਿਧੀ ਰਾਹੀਂ epunjab portal ਤੇ ਹੀ ਅਪਲਾਈ ਕਰਨਗੇ। ਜੋ ਅਧਿਆਪਕ Mutual Transfers ਲਈ ਅਪਲਾਈ ਕਰਨਾ ਚਾਹੁੰਦੇ ਹਨ, ਉਹ ਵੀ General Transfers ਦੇ ਨਾਲ ਹੀ ਅਪਲਾਈ ਕਰਨਗੇ। Mutual Transfer ਲਈ ਆਫਲਾਈਨ ਮੋਡ ਰਾਹੀਂ ਪ੍ਰਾਪਤ ਕਿਸੇ ਵੀ ਪ੍ਰਤੀਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

11.0 ਦਰਖਾਸਤ ਕਰਤਾ **ਪ੍ਰਾਇਮਰੀ ਵਿੰਗ ਨਾਲ ਸਬੰਧਤ** ਅਧਿਆਪਕ/**ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼** ਜਿੰਨ੍ਹਾਂ ਦੇ ਵੇਰਵੇ ਸਹੀ ਪਾਏ ਜਾਣਗੇ, ਉਨ੍ਹਾਂ ਤੋਂ ਹੀ ਬਦਲੀ ਲਈ Station Choice ਲਈ ਜਾਵੇਗੀ। ਵੱਖ-ਵੱਖ ਗੇੜ ਦੀਆਂ ਬਦਲੀਆਂ ਲਈ **ਪ੍ਰਾਇਮਰੀ ਵਿੰਗ ਨਾਲ ਸਬੰਧਤ** ਅਧਿਆਪਕ, **ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼** ਤੋਂ ਵਾਰ-ਵਾਰ ਡਾਟਾ ਨਹੀਂ ਭਰਵਾਇਆ ਜਾਵੇਗਾ, ਬਦਲੀ ਲਈ ਡਾਟਾ ਕੇਵਲ ਮਿਤੀ 26.05.2022 ਤੋਂ 31.05.2022 ਤੱਕ ਹੀ ਭਰਿਆ ਜਾ ਸਕੇਗਾ, ਇਸ ਉਪਰੰਤ ਕੋਈ ਦਰਖਾਸਤ ਨਹੀਂ ਲਈ ਜਾਵੇਗੀ। ਇਸ ਡਾਟਾ ਅਤੇ Station Choice ਦੇ ਅਧਾਰ ਤੇ ਹੀ ਵੱਖ-ਵੱਖ ਗੇੜ ਦੀਆਂ ਬਦਲੀਆਂ ਪਾਲਿਸੀ ਅਨੁਸਾਰ ਕੀਤੀਆਂ ਜਾਣਗੀਆਂ।

**12.0 ਕਿਸੇ ਵੀ ਕੈਟਾਗਰੀ ਅਧੀਨ ਕੀਤੀ ਜਾਣ ਵਾਲੀ ਬਦਲੀ ਕੇਵਲ ਆਨਲਾਇਨ ਮੋਡ ਰਾਹੀਂ ਹੀ epunjabschool portal ਤੇ ਵਿਚਾਰੀ ਜਾਵੇਗੀ। ਆਫ-ਲਾਈਨ ਪ੍ਰਾਪਤ ਹੋਈਆਂ ਪ੍ਰਤੀਬੇਨਤੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।**

13.0 ਜੇਕਰ ਕਿਸੇ **ਪ੍ਰਾਇਮਰੀ ਵਿੰਗ ਨਾਲ ਸਬੰਧਤ** ਅਧਿਆਪਕ/**ਸਿੱਖਿਆ ਪ੍ਰੋਵਾਈਡਰ, ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰਜ਼** ਨੂੰ ਬਦਲੀ ਲਈ ਆਨਲਾਈਨ ਬੇਨਤੀ ਕਰਨ ਵਿੱਚ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਜਿਲ੍ਹਾ ਐਮ.ਆਈ.ਐਸ ਕੋਆਰਟੀਨੇਟਰ ਦੀ ਮਦਦ ਲੈ ਸਕਦਾ ਹੈ, ਜਿੰਨ੍ਹਾਂ ਦੀ ਫੋਨ ਨੰਬਰਾਂ ਦੀ ਸੂਚੀ epunjabschool portal ਤੇ ਉਪਲਬਧ ਹੈ।

26/05/2022
**ਸਹਾਇਕ ਡਾਇਰੈਕਟਰ**

ਤਿਆਰ ਕਰਤਾ:-
ਤਰਨਦੀਪ ਸਿੰਘ